# ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ (flu pandemic) ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ।

***ਇਨਫਲੁਐਂਜ਼ਾ (ਫਲੂ) ਨਾਲ ਫੈਲਣ ਵਾਲੀ ਵਿਸ਼ਵ-ਵਿਆਪੀ ਮਹਾਂਮਾਰੀ*** ਸੰਸਾਰ ਦੇ ਕਈ ਮੁਲਕਾਂ ਅਤੇ ਕਈ ਖਿੱਤਿਆਂ ਵਿੱਚ ਆਸਾਨੀ ਨਾਲ ਅਤੇ ਬੜੀ ਤੇਜ਼ੀ ਨਾਲ ਫੈਲਦੀ ਹੈ।

ਪਿਛਲੇ ਕੁੱਝ ਸਮੇਂ ਤੋਂ ਇਨਫਲੁਐਂਜ਼ਾ ਮਹਾਂਮਾਰੀ ਦੀ ਖ਼ਬਰ ਨਾਲ ਮੀਡੀਆ ਭਰਿਆ ਰਿਹਾ ਹੈ। 20 ਵੀਂ ਸਦੀ ਦੌਰਾਨ ਦੁਨੀਆਂ ਨੂੰ ਫਲੂ ਦੀਆਂ ਤਿੰਨ ਮਹਾਂਮਾਰੀਆਂ ਦਾ ਸਾਮ੍ਹਣਾ ਕਰਨਾ ਪਿਆ ਹੈ। ਇਨ੍ਹਾਂ ਵਿੱਚੋਂ ਸਭ ਤੋਂ ਖ਼ਤਰਨਾਕ, 1918 ਅਤੇ 1919 ਦੇ ਸਪੈਨਿਸ਼ ਫਲੂ ਨਾਲ ਦੋ ਕਰੋੜ ਵਿਅਕਤੀਆਂ ਦੀ ਮੌਤ ਹੋ ਗਈ ਸੀ।

ਜਨਤਕ ਸਿਹਤ ਬਾਰੇ ਮਾਹਿਰ ਸਾਨੂੰ ਦੱਸਦੇ ਹਨ ਕਿ ਫਲੂ ਵਾਲੀ ਇੱਕ ਹੋਰ ਮਹਾਂਮਾਰੀ ਕਦੀ ਵੀ ਵਾਪਰ ਸਕਦੀ ਹੈ। ਮਾਹਿਰ ਇਹ ਵੀ ਦੱਸਦੇ ਹਨ ਕਿ ਜੇ ਅਸੀਂ ਇਸ ਲਈ ਤਿਆਰ ਹੋਈਏ ਤਾਂ ਅਸੀਂ ਪ੍ਰਭਾਵਤ (infect) ਹੋਣ ਵਾਲੇ ਅਤੇ ਜਾਨ ਗਵਾਉਣ ਵਾਲੇ ਵਿਅਕਤੀਆਂ ਦੀ ਗਿਣਤੀ ਘਟਾ ਸਕਦੇ ਹਾਂ।

ਅਤੇ ਕਿਉਂ ਕਿ ਮਹਾਂਮਾਰੀ ਵਾਲੇ ਫਲੂ ਅਤੇ ਮੌਸਮੀ ਫਲੂ ਦੇ ਫੈਲਣ ਦਾ ਤਰੀਕਾ ਇੱਕ ਹੀ ਹੈ – ਛਿੱਕਾਂ ਅਤੇ ਖੰਘ ਵਿੱਚ ਉਡਣ ਵਾਲੇ ਕਤਰਿਆਂ ਰਾਹੀਂ ਅਤੇ ਹੱਥ ਲੱਗਣ ਨਾਲ – ਬੁਨਿਆਦੀ ਬਚਾਅਕਾਰੀ ਕਾਰਵਾਈਆਂ ਨਾਲ ਇਸ ਦੇ ਫੈਲਾਅ ਨੂੰ ਬਹੁਤ ਹੱਦ ਤਕ ਰੋਕਿਆ ਜਾ ਸਕਦਾ ਹੈ।

## 1. ਵਿਸ਼ਵ-ਵਿਆਪੀ ਮਹਾਂਮਾਰੀ (pandemic) ਕੀ ਹੁੰਦੀ ਹੈ?

ਮਹਾਂਮਾਰੀ ਆਪਣੀ ਗੁੰਜਾਇਸ਼ ਤੋਂ ਪਹਿਚਾਣੀ ਜਾਂਦੀ ਹੈ। ਕਈ ਮੁਲਕਾਂ ਅਤੇ ਸੰਸਾਰ ਦੇ ਕਈ ਖਿੱਤਿਆਂ ਵਿੱਚ ਆਸਾਨੀ ਨਾਲ ਫੈਲ ਜਾਣ ਵਾਲੀ, ਅਤੇ ਆਬਾਦੀ ਦੀ ਵੱਡੀ ਤਾਦਾਦ ਤੇ ਅਸਰ ਕਰਨ ਵਾਲੀ ਬਿਮਾਰੀ ਨੂੰ ਵਿਸ਼ਵ-ਵਿਆਪੀ ਮਹਾਂਮਾਰੀ (pandemic) ਆਖਿਆ ਜਾਂਦਾ ਹੈ।

## 2. ਫਲੂ ਵਾਲੀ ਵਿਸ਼ਵ-ਵਿਆਪੀ ਮਹਾਂਮਾਰੀ ਕਿਵੇਂ ਸ਼ੁਰੂ ਹੁੰਦੀ ਹੈ?

ਫਲੂ ਪੈਦਾ ਕਰਨ ਵਾਲੇ ਵਿਸ਼ਾਣੂ ਲਗਾਤਾਰ ਬਦਲਦੇ ਰਹਿੰਦੇ ਹਨ। ਵਿਸ਼ਵਿਆਪੀ ਮਹਾਂਮਾਰੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਫਲੂ ਦੇ ਵਿਸ਼ਾਣੂ ਦੀ ਕੋਈ ਨਵੀਂ ਕਿਸਮ ਉੱਭਰ ਕੇ ਸਾਮ੍ਹਣੇ ਆਵੇ ਜਿਹੜੀ ਫਲੂ ਦੀਆਂ ਆਮ ਕਿਸਮਾਂ ਨਾਲੋਂ ਵੱਖਰੀ ਹੋਵੇ। ਕਿਉਂ ਕਿ ਲੋਕਾਂ ਦੇ ਸਰੀਰਾਂ ਵਿੱਚ ਅਜਿਹੇ-ਵਿਸ਼ਾਣੂ ਤੋਂ ਬਚਾਅ ਦੀ ਕੋਈ ਤਾਕਤ (immunity) ਨਹੀਂ ਹੁੰਦੀ, ਇਹ ਬੜੀ ਛੇਤੀ ਫੈਲਦਾ ਹੈ ਅਤੇ ਲੱਖਾਂ ਹੀ ਲੋਕਾਂ ਨੂੰ ਬਿਮਾਰ ਕਰ ਸਕਦਾ ਹੈ। ਵਿਸ਼ਵ-ਵਿਆਪੀ ਫਲੂ ਦੀਆਂ ਕਿਸਮਾਂ ਉਦੋਂ ਉਪਜਦੀਆਂ ਹਨ ਜਦੋਂ ਪੰਛੀਆਂ ਜਾਂ ਜਾਨਵਰਾਂ ਦਾ ਕੋਈ ਵਿਸ਼ਾਣੂ ਮਨੁੱਖੀ ਵਿਸ਼ਾਣੂ ਨਾਲ ਮੇਲ ਕਰ ਕੇ ਇੱਕ ਨਵਾਂ ਵਿਸ਼ਾਣੂ ਬਣਾ ਲਵੇ।

## 3. 'ਲਾਗ ਫੈਲ ਜਾਣ ਦੀ ਮਿਆਦ' ਕੀ ਹੁੰਦੀ ਹੈ?

ਕਿਸੇ ਵੀ ਲੱਛਣ ਦੇ ਨਜ਼ਰ ਆਉਣ ਤੋਂ 24 ਤੋਂ 48 ਘੰਟੇ ਪਹਿਲਾਂ, ਅਤੇ ਲੱਛਣ ਉੱਭਰਨ ਤੋਂ ਪੰਜ ਦਿਨ ਬਾਅਦ ਤਕ ਫਲੂ ਫੈਲ ਸਕਣ ਦੀ ਅਵਸਥਾ ਵਿੱਚ ਹੋ ਸਕਦਾ ਹੈ। ਇਸ ਦਾ ਮਤਲਬ ਹੈ ਕਿ ਤੁਸੀਂ ਬਿਨਾ ਇਸ ਗੱਲ ਦੇ ਗਿਆਨ ਦੇ ਕਿ ਤੁਹਾਨੂੰ ਛੂਤ ਹੋ ਚੁੱਕੀ ਹੈ, ਵਿਸ਼ਾਣੂ ਨੂੰ ਫੈਲਾ ਸਕਦੇ ਹੋ।

## 4. ਸਾਧਾਰਣ ਫਲੂ ਅਤੇ ਲਾਗ ਵਾਲੇ ਫਲੂ ਵਿੱਚ ਕੀ ਫਰਕ ਹੁੰਦਾ ਹੈ?

ਇੱਕ ਵਿਸ਼ਵ-ਵਿਆਪੀ ਮਹਾਂਮਾਰੀ ਕਿਸੇ ਵੀ ਸਾਧਾਰਣ ਫਲੂ ਵਾਂਗ ਹੀ ਮਹਿਸੂਸ ਹੋ ਸਕਦੀ ਹੈ। ਕਿਉਂਕਿ ਲੋਕਾਂ ਦੇ ਸਰੀਰਾਂ ਵਿੱਚ ਵਿਸ਼ਵ-ਵਿਆਪੀ ਮਹਾਂਮਾਰੀ ਦੇ ਵਿਸ਼ਾਣੂ ਖਿਲਾਫ ਬਚਾਅ ਦੀ ਤਾਕਤ ਜਾਂ ਤਾਂ ਹੁੰਦੀ ਹੀ ਨਹੀਂ ਜਾਂ ਬਹੁਤ ਥੋੜੀ ਹੁੰਦੀ ਹੈ, ਇਸ ਲਈ ਇਹ ਬਿਮਾਰੀ ਸਾਧਾਰਣ ਫਲੂ ਨਾਲੋਂ ਬਹੁਤ ਜਲਦੀ ਫੈਲਦੀ ਹੈ।

ਲੱਛਣ ਉਹੋ ਹੀ ਹੁੰਦੇ ਹਨ: ਬੁਖ਼ਾਰ, ਸਿਰਦਰਦ, ਦਰਦ ਅਤੇ ਪੀੜਾਂ, ਥਕਾਵਟ, ਨੱਕ ਬੰਦ, ਛਿੱਕਾਂ, ਗਲ਼ਾ ਦੁਖਣਾ ਅਤੇ ਖੰਘ। ਪਰ ਇਹ ਅਲਾਮਤਾ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਵਾਰੀ ਬੜੀਆਂ ਤੇਜ਼ ਹੁੰਦੀਆਂ ਹਨ ਅਤੇ ਅਜਿਹੇ ਲੋਕਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਨ੍ਹਾਂ ਤੇ ਆਮ ਤੌਰ ਤੇ ਮੌਸਮੀ ਫਲੂ ਦਾ ਅਸਰ ਨਹੀਂ ਹੁੰਦਾ – ਜਿਵੇਂ ਵਧੇਰੇ ਜਵਾਨ, ਤੰਦਰੁਸਤ ਬਾਲਗ। ਉਦਾਹਰਣ ਵਜੋਂ, 1918 ਅਤੇ 1919 ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੌਰਾਨ ਮੌਤ ਦੀ ਦਰ ਸਭ ਤੋਂ ਵਧੇਰੇ ਤੰਦਰੁਸਤ ਬਾਲਗ ਵਰਗ ਵਿੱਚ ਸੀ।

ਸਾਧਾਰਣ ਫਲੂ ਅਤੇ ਵਿਸ਼ਵ-ਵਿਆਪੀ ਮਹਾਂਮਾਰੀ ਵਾਲਾ ਫਲੂ, ਦੋਵੇਂ ਇੱਕ ਹੀ ਤਰੀਕੇ ਨਾਲ ਫੈਲਦੇ ਹਨ। ਫਲੂ ਦਾ ਵਿਸ਼ਾਣੂ ਉਦੋਂ ਫੈਲਦਾ ਹੈ ਜਦੋਂ ਫਲੂ ਨਾਲ ਬਿਮਾਰ ਕੋਈ ਵਿਅਕਤੀ ਖੰਘਦਾ ਹੈ ਜਾਂ ਨਿੱਛ ਮਾਰਦਾ ਹੈ, ਅਤੇ ਥੁੱਕ ਦੇ ਕਤਰੇ ਜਿਨ੍ਹਾਂ ਵਿੱਚ ਫਲੂ ਦਾ ਵਿਸ਼ਾਣੂ ਹੁੰਦਾ ਹੈ, ਕਿਸੇ ਦੂਜੇ ਵਿਅਕਤੀ ਦੇ ਨੱਕ, ਮੂੰਹ ਜਾਂ ਅੱਖਾਂ ਨਾਲ ਸੰਪਰਕ ਕਰਦੇ ਹਨ। ਇਹ ਉਦੋਂ ਵੀ ਫੈਲਦਾ ਹੈ

Punjabi Catalogue No. CIB-6144646 Mar/06
© Queen's Printer for Ontario

ਓਨਟੇਰੀਓ ਵਾਸੀਆਂ ਵਿੱਚੋਂ ***35% ਤਕ ਵਿਸ਼ਵ-ਵਿਆਪੀ ਮਹਾਂਮਾਰੀ ਵਾਲੇ ਫਲੂ*** ਦਾ ਸ਼ਿਕਾਰ ਹੋ ਸਕਦੇ ਹਨ

ਜਦੋਂ ਫਲੂ ਨਾਲ ਬਿਮਾਰ ਲੋਕ ਆਪਣੇ ਹੱਥ ਮੂੰਹ ਤੇ ਰੱਖ ਕੇ ਖੰਘਦੇ ਜਾਂ ਨਿੱਛ ਮਾਰਦੇ ਹਨ ਅਤੇ ਫਿਰ ਉਹ ਜਿਸ ਵੀ ਚੀਜ਼ ਨੂੰ ਹੱਥ ਲਾਉਂਦੇ ਹਨ, ਉਸ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ, ਜਿਵੇਂ ਦਰਵਾਜੇ ਦਾ ਹੈਂਡਲ। ਹੋਰ ਲੋਕ ਜੇ ਉਸੇ ਚੀਜ਼ ਨੂੰ ਹੱਥ ਲਾ ਕੇ ਫਿਰ ਆਪਣੇ ਮੂੰਹ ਨੂੰ ਛੂਹ ਲੈਣ, ਤਾਂ ਉਹ ਵੀ ਬਿਮਾਰ ਹੋ ਸਕਦੇ ਹਨ।

*ਹੇਠਾਂ ਉਹ ਜਾਣਕਾਰੀ ਦਿੱਤੀ ਜਾ ਰਹੀ ਹੈ ਜਿਹੜੀ ਤੁਹਾਨੂੰ ਵਿਸ਼ਵ-ਵਿਆਪੀ ਮਹਾਂਮਾਰੀ ਵਾਲੇ ਫਲੂ ਬਾਰੇ ਹੋਣੀ ਚਾਹੀਦੀ ਹੈ।*

| ਸਾਧਾਰਣ ਫਲੂ | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ |
|---|---|
| ਸਾਧਾਰਣ ਫਲੂ ਹਰ ਸਾਲ ਹੁੰਦਾ ਹੈ। | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਸੌ ਸਾਲਾਂ ਵਿੱਚ ਸਿਰਫ਼ ਦੋ ਜਾਂ ਤਿੰਨ ਵਾਰੀ ਵਾਪਰਦੀ ਹੈ। |
| ਸਾਧਾਰਣ ਫਲੂ ਆਮ ਤੌਰ ਤੇ ਨਵੰਬਰ ਤੋਂ ਅਪਰੈਲ ਤਕ ਹੁੰਦਾ ਹੈ - ਅਤੇ ਫਿਰ ਖਤਮ ਹੋ ਜਾਂਦਾ ਹੈ। | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਆਮ ਤੌਰ ਤੇ ਦੋ ਤਾਂ ਤਿੰਨ ਹੱਲੇ ਬੋਲਦੀ ਹੈ ਜਿਨ੍ਹਾਂ ਦਰਮਿਆਨ ਕਈ ਮਹੀਨਿਆਂ ਦੀ ਵਿੱਥ ਹੁੰਦੀ ਹੈ। ਹਰ ਹੱਲਾ ਦੋ ਤੋਂ ਤਿੰਨ ਮਹੀਨੇ ਤਕ ਰਹਿੰਦਾ ਹੈ। |
| ਹਰ ਸਾਲ ਤਕਰੀਬਨ 10% ਓਨਟੇਰੀਓ ਵਾਸੀਆਂ ਨੂੰ ਸਾਧਾਰਣ ਫਲੂ ਹੁੰਦਾ ਹੈ। | ਬਿਮਾਰੀ ਫੈਲਣ ਦੌਰਾਨ ਲਗਭਗ 35% ਓਨਟੇਰੀਓ ਵਾਸੀ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦਾ ਸ਼ਿਕਾਰ ਹੋ ਸਕਦੇ ਹਨ। |
| ਬਹੁਤੇ ਲੋਕ ਜਿਨ੍ਹਾਂ ਨੂੰ ਸਾਧਾਰਣ ਫਲੂ ਹੁੰਦਾ ਹੈ, ਬਿਮਾਰ ਹੋ ਜਾਂਦੇ ਹਨ ਪਰ ਆਮ ਤੌਰ ਤੇ ਕੁੱਝ ਹਫਤਿਆਂ ਦੇ ਵਿੱਚ-ਵਿੱਚ ਠੀਕ ਹੋ ਜਾਂਦੇ ਹਨ। | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦਾ ਸ਼ਿਕਾਰ ਲਗਭਗ ਅੱਧੇ ਵਿਅਕਤੀ ਬਿਮਾਰ ਹੋ ਜਾਂਦੇ ਹਨ। ਬਹੁਤੇ ਠੀਕ ਹੋ ਜਾਂਦੇ ਹਨ ਪਰ ਠੀਕ ਹੋਣ ਨੂੰ ਸਮਾਂ ਬਹੁਤ ਲੱਗਦਾ ਹੈ। ਅਤੇ ਕਈ ਮਰੀਜ਼ਾਂ ਦੀ ਮੌਤ ਹੋ ਜਾਂਦੀ ਹੈ। |
| ਸਾਧਾਰਣ ਫਲੂ ਉਨ੍ਹਾਂ ਲੋਕਾਂ ਤੇ ਵਧੇਰੇ ਮਾਰ ਕਰਦਾ ਹੈ ਜਿਨ੍ਹਾਂ ਦੇ ਸਰੀਰ ਵਿੱਚ ਬਚਾਅ ਦੀ ਤਾਕਤ ਜ਼ਿਆਦਾ ਨਹੀਂ ਹੁੰਦੀ: ਬਹੁਤ ਛੋਟੇ ਬੱਚੇ, ਬਹੁਤ ਬਿਰਧ ਵਿਅਕਤੀ, ਅਤੇ ਲੰਮਾ ਸਮਾਂ ਚੱਲਣ ਵਾਲੀਆਂ ਬਿਮਾਰੀਆਂ ਤੋਂ ਪੀੜਤ ਰੋਗੀ। | ਵਿਸ਼ਾਣੂ ਤੇ ਨਿਰਭਰ ਕਰਦਿਆਂ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਨਾਲ ਕਿਸੇ ਵੀ ਉਮਰ ਦੇ ਵਿਅਕਤੀ ਗੰਭੀਰ ਤੌਰ ਤੇ ਬਿਮਾਰ ਹੋ ਸਕਦੇ ਹਨ। |
| ਫਲੂ ਦੀ ਕਿਸੇ ਆਮ ਰੁੱਤ ਵਿੱਚ 2,000 ਤਕ ਓਨਟੇਰੀਓ ਵਾਸੀ ਫਲੂ ਤੋਂ ਹੋਣ ਵਾਲੀਆਂ ਨਮੂਨੀਏਂ(pneumonia) ਵਰਗੀਆਂ ਪੇਚੀਦਗੀਆਂ ਨਾਲ ਮਾਰੇ ਜਾਂਦੇ ਹਨ। | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੌਰਾਨ, ਓਨਟੇਰੀਓ ਵਿੱਚ ਬਹੁਤ ਹੋਰ ਲੋਕ ਬਿਮਾਰ ਹੋਣਗੇ ਅਤੇ, ਸੰਭਾਵਤ ਤੌਰ ਤੇ, ਬਹੁਤ ਹੋਰ ਮੌਤਾਂ ਹੋਣਗੀਆਂ। |
| ਹਰ ਸਾਲ ਲੱਗਣ ਵਾਲੇ ਇਸ ਤਰ੍ਹਾਂ ਦੇ ਟੀਕੇ ਮੌਜੂਦ ਹਨ ਜੋ ਲੋਕਾਂ ਨੂੰ ਸਾਧਾਰਣ ਫਲੂ ਤੋਂ ਬਚਾਉਂਦੇ ਹਨ। | ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੀ ਹਾਲੇ ਕੋਈ ਵੀ ਦਵਾਈ ਮੌਜੂਦ ਨਹੀਂ ਹੈ। ਦਵਾਈ ਤਿਆਰ ਕਰਨ ਲਈ ਵਿਸ਼ਵ-ਵਿਆਪੀ ਮਹਾਂਮਾਰੀ ਆਰੰਭ ਹੋਣ ਤੋਂ ਚਾਰ ਤੋਂ ਪੰਜ ਮਹੀਨੇ ਲੱਗ ਜਾਂਦੇ ਹਨ। |
| ਇਸ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਜਿਨ੍ਹਾਂ ਨਾਲ ਲੋਕ ਸਾਧਾਰਣ ਫਲੂ ਦਾ ਇਲਾਜ ਕਰ ਸਕਦੇ ਹਨ। | ਇਹੋ ਹੀ ਦਵਾਈਆ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਖਿਲਾਫ ਲੋਕਾਂ ਨੂੰ ਬਚਾਅ ਸਕਦੀਆਂ ਹਨ ਪਰ ਹੋ ਸਕਦਾ ਹੈ ਸਾਡੇ ਕੋਲ ਹਰ ਕਿਸੇ ਲਈ ਦਵਾਈ ਮੌਜੂਦ ਨਾ ਹੋਵੇ ਅਤੇ ਵਿਸ਼ਾਣੂ ਦੇ ਪਹਿਚਾਣੇ ਜਾਣ ਤਕ ਸਾਨੂੰ ਉਨ੍ਹਾਂ ਦੀ ਅਸਰਦਾਇਕਤਾ ਬਾਰੇ ਪਤਾ ਨਹੀਂ ਲੱਗੇਗਾ। |

## 5. ਕੀ ਓਨਟੇਰੀਓ ਵਿੱਚ ਵੀ ਅਸਰ ਹੋਵੇਗਾ?

*ਹਾਂ!* ਜੋ ਹਵਾਈ ਸਫਰ ਮੁਲਕਾਂ ਦਰਮਿਆਨ ਹੁੰਦਾ ਹੈ, ਉਸ ਨਾਲ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੇ, ਓਨਟੇਰੀਓ ਸਮੇਤ, ਸਾਰੇ ਸੰਸਾਰ ਵਿੱਚ ਫੈਲ ਜਾਣ ਦੀ ਸੰਭਾਵਨਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ(World Health Organization) ਅਤੇ ਦੁਨੀਆਂ ਭਰ ਵਿੱਚ ਜਨਤਕ ਸਿਹਤ ਬਾਰੇ ਮਾਹਿਰ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਫੈਲਣ ਦੀਆਂ ਪਹਿਲੀਆਂ ਨਿਸ਼ਾਨੀਆਂ ਤੇ ਨਿਗਾਹ ਰੱਖ ਰਹੇ ਹਨ ਤਾਂ ਕਿ ਉਹ ਇਸ ਦੇ ਫੈਲਣ ਦੀ ਰਫਤਾਰ ਘਟਾਉਣ ਲਈ ਕਦਮ ਚੁੱਕ ਸਕਣ।

## 6. ਕੀ ਹੋਵੇਗਾ ਜੇ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਓਨਟੇਰੀਓ ਵਿੱਚ ਫੈਲ ਜਾਂਦੀ ਹੈ?

ਇੱਕ ਵਾਰੀ ਵਿਸ਼ਵ-ਵਿਆਪੀ ਮਹਾਂਮਾਰੀ ਫੈਲਾਉਣ ਵਾਲਾ ਫਲੂ ਦਾ ਵਿਸ਼ਾਣੂ ਓਨਟੇਰੀਓ ਵਿੱਚ ਆ ਜਾਵੇ, ਸੰਭਾਵਨਾ ਹੈ ਕਿ ਇਹ ਬਹੁਤ ਜਲਦੀ ਫੈਲ ਜਾਵੇਗਾ। ਬਹੁਤ ਸਾਰੇ ਲੋਕ ਬਿਮਾਰ ਹੋ ਜਾਣਗੇ ਅਤੇ ਸਾਡੀ ਸਿਹਤ ਸੇਵਾਵਾਂ ਦੀ ਪ੍ਰਣਾਲੀ ਬੜੇ ਦਬਾਅ ਅਧੀਨ ਆ ਜਾਵੇਗੀ।

ਇਸ ਗੱਲ ਤੇ ਨਿਰਭਰ ਕਰਦਿਆਂ ਕਿ ਫਲੂ ਦਾ ਵਿਸ਼ਵ-ਵਿਆਪੀ ਮਹਾਂਮਾਰੀ ਵਾਲਾ ਵਿਸ਼ਾਣੂ ਕਿੰਨ੍ਹੇ ਕੁ ਵਿਆਪਕ ਪੱਧਰ ਤੇ ਫੈਲਿਆ ਹੋਇਆ ਹੈ, ਜ਼ਿੰਦਗੀ ਵਿੱਚ ਸਾਡੇ ਨਿੱਤਨੇਮਾਂ ਵਿੱਚ ਖਲ਼ਲ਼ ਪੈ ਸਕਦਾ ਹੈ। ਉਦਾਹਰਣ ਵਜੋਂ, ਕੰਪਨੀਆ ਨੂੰ ਆਪਣੇ ਕੁੱਝ ਕੰਮ-ਕਾਜ ਬੰਦ ਕਰਨੇ ਪੈ ਸਕਦੇ ਹਨ। ਨਗਰਪਾਲਿਕਾਵਾਂ ਸਿਰਫ਼ ਜ਼ਰੂਰੀ ਸੇਵਾਵਾਂ ਹੀ ਪ੍ਰਦਾਨ ਕਰਨ ਦਾ ਐਲਾਨ ਕਰ ਸਕਦੀਆਂ ਹਨ। ਜਨਤਕ ਸਿਹਤ ਦੇ ਅਫ਼ਸਰ ਸੰਗੀਤ ਅਤੇ ਖੇਡ ਸਮਾਗਮਾਂ ਵਰਗੇ ਜਨਤਕ ਇਕੱਠਾਂ ਦੀ ਮਨਾਹੀ ਕਰ ਸਕਦੇ ਹਨ ਜਿੱਥੇ ਫਲੂ ਦੇ ਵਿਸ਼ਾਣੂ ਆਸਾਨੀ ਨਾਲ ਫੈਲ ਸਕਦੇ ਹਨ। ਉਹ ਸਕੂਲ ਵੀ ਬੰਦ ਕਰ ਸਕਦੇ ਹਨ।

ਜਦੋਂ ਤਕ ਸਾਨੂੰ ਪਤਾ ਨਹੀਂ ਲੱਗ ਜਾਂਦਾ ਕਿ ਵਿਸ਼ਾਣੂ ਕਿੰਨ੍ਹਾ ਕੁ ਮਜ਼ਬੂਤ ਹੈ, ਅਸੀਂ ਇਹ ਭਵਿੱਖਬਾਣੀ ਨਹੀਂ ਕਰ ਸਕਦੇ ਕਿ ਓਨਟੇਰੀਓ ਤੇ ਇਸਦਾ ਕੀ ਅਸਰ ਹੋਵੇਗਾ।

> *ਫਲੂ ਦੀਆਂ ਵਿਸ਼ਵ-ਵਿਆਪੀ ਮਹਾਂਮਾਰੀਆਂ ਤੰਦਰੁਸਤ, ਜਵਾਨ ਬਾਲਗਾਂ ਨੂੰ ਬਿਮਾਰ ਕਰ ਕੇ ਉਨ੍ਹਾਂ ਦੀ ਜਾਨ ਲੈ ਸਕਦੀਆਂ ਹਨ*

## 7. ਸਭ ਤੋਂ ਵੱਧ ਖ਼ਤਰਾ ਕਿਸ ਨੂੰ ਹੈ?

ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਵਾਲੇ ਵਿਸ਼ਾਣੂ ਦਾ ਸ਼ਿਕਾਰ ਹੋਣ ਦਾ ਖ਼ਤਰਾ ਸਾਨੂੰ ਸਭਨਾਂ ਨੂੰ ਹੈ। ਸਾਧਾਰਣ ਫਲੂ ਦੇ ਵਿਸ਼ਾਣੂ ਨਾਲੋਂ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਵਾਲਾ ਵਿਸ਼ਾਣੂ ਤੇਜ਼ੀ ਨਾਲ ਫੈਲੇਗਾ ਕਿਉਂ ਕਿ ਬਹੁਤ ਘੱਟ ਓਨਟੇਰੀਓ ਵਾਸੀਆਂ ਵਿੱਚ ਰੋਗ ਤੋਂ ਬਚਾਅ ਦੀ ਸਮਰੱਥਾ ਹੋਵੇਗੀ। ਲੋਕਾਂ ਦੇ ਕੁੱਝ ਵਰਗਾਂ – ਜਿਵੇਂ ਬਹੁਤ ਛੋਟੀ ਉਮਰ ਦੇ ਜਾਂ ਬਹੁਤ ਵੱਡੀ ਉਮਰ ਦੇ ਵਿਅਕਤੀਆਂ – ਨੂੰ ਸਖ਼ਤ ਬਿਮਾਰ ਹੋਣ ਜਾਂ ਮੌਤ ਦਾ ਖ਼ਤਰਾ ਵਧੇਰੇ ਹੋਵੇਗਾ।

ਪਰ ਹਰ ਕਿਸੇ ਨੂੰ ਸਾਵਧਾਨ ਅਤੇ ਸੁਚੇਤ ਰਹਿਣਾ ਚਾਹੀਦਾ ਹੈ। ਸੰਨ 1918 ਅਤੇ 1919 ਵਿੱਚ ਫਲੂ ਦੀ ਵਿਸ਼ਵ-ਵਿਆਪੀ ਮਹਾਮਾਰੀ ਨਾਲ ਮਰਨ ਵਾਲੇ ਬਹੁਤੇ ਵਿਅਕਤੀ 20 ਤੋਂ 40 ਸਾਲ ਤਕ ਦੀ ਉਮਰ ਦੇ ਸਨ।

ਜਦੋਂ ਤਕ ਅਸੀਂ ਵਿਸ਼ਾਣੂ ਬਾਰੇ ਵਧੇਰੇ ਪਤਾ ਨਹੀਂ ਕਰ ਲੈਂਦੇ, ਸਾਨੂੰ ਪੱਕਾ ਪਤਾ ਨਹੀਂ ਲੱਗੇਗਾ ਕਿ ਸਭ ਤੋਂ ਵਧੇਰੇ ਖ਼ਤਰਾ ਕਿਸ ਨੂੰ ਹੈ।

## 8. ਕਿੰਨ੍ਹੇ ਲੋਕ ਬਿਮਾਰ ਹੋ ਜਾਣਗੇ? ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਦੇਖ-ਰੇਖ ਦੀ ਲੋੜ ਪਵੇਗੀ?

- ਜਿਨ੍ਹਾਂ 35% ਵਿਅਕਤੀਆਂ ਦੇ ਫਲੂ ਦੀ ਵਿਸਵ-਼ਵਿਆਪੀ ਮਹਾਂਮਾਰੀ ਦਾ ਸ਼ਿਕਾਰ ਹੋਣ ਦਾ ਅੰਦਾਜ਼ਾ ਹੈ, ਉਨ੍ਹਾ ਵਿੱਚੋਂ ਲਗਭਗ ਅੱਧਿਆਂ ਨੂੰ ਆਪਣੇ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤਕ ਜਾਣ ਦੀ ਲੋੜ ਪਵੇਗੀ। ਬਾਕੀ ਅੱਧਿਆਂ ਨੂੰ ਘਰ ਵਿੱਚ ਹੀ ਆਪਣੀ ਦੇਖ-ਭਾਲ ਕਰਨ ਲਈ ਜਾਣਕਾਰੀ ਅਤੇ ਸਲਾਹ ਦੀ ਲੋੜ ਪਵੇਗੀ।
- ਅਲਾਮਤਾਂ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ, ਹੋਰਨਾਂ ਨੂੰ ਵੀ ਇਲਾਜ ਲਈ ਹਸਪਤਾਲ ਭਰਤੀ ਕਰਵਾਉਣ ਦੀ ਲੋੜ ਪੈ ਸਕਦੀ ਹੈ।

## 9. ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦਾ ਕੋਈ ਇਲਾਜ ਕਦੋਂ ਲੱਭਿਆ ਜਾ ਸਕੇਗਾ?

ਐਂਟੀਵਾਇਰਲ(antivirals) ਨਾਮ ਦੀਆਂ ਅਜਿਹੀਆਂ ਦਵਾਈਆਂ ਮੌਜੂਦ ਹਨ ਜੋ ਫਲੂ ਦੇ ਖਿਲਾਫ ਅਸਰਦਾਰ ਹੋ ਸਕਦੀਆਂ ਹਨ ਪਰ ਇਨ੍ਹਾਂ ਦੇ ਅਸਰਦਾਰ ਹੋਣ ਲਈ ਲੋਕਾਂ ਨੂੰ ਬਿਮਾਰੀ ਉੱਭਰਨ ਦੇ ਤੁਰੰਤ ਬਾਅਦ ਹੀ ਇਹ ਲੈਣੀਆਂ ਆਰੰਭ ਕਰਨੀਆਂ ਪੈਣਗੀਆਂ – ਕਈ ਮਾਮਲਿਆਂ ਵਿੱਚ ਤਾਂ ਅਲਾਮਤਾਂ ਸ਼ੁਰੂ ਹੋਣ ਤੋਂ ਵੀ ਪਹਿਲਾ।

ਇਸ ਵੇਲੇ, ਓਨਟੇਰੀਓ ਵਿੱਚ ਸੂਬੇ ਵਿੱਚ ਖਪਤ ਲਈ ਐਂਟੀਵਾਇਰਲ ਦਵਾਈਆਂ ਦਾ ਭੰਡਾਰ ਮੌਜੂਦ ਹੈ।

ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਹੋਣ ਦੀ ਸੂਰਤ ਵਿੱਚ, ਸਾਨੂੰ ਓਨਟੇਰੀਓ ਦੀ ਐਂਟੀਵਾਇਰਲ ਦਵਾਈਆਂ ਦੀ ਕਾਰਗਰਤਾ ਬਾਰੇ ਉਦੋਂ ਹੀ ਪਤਾ ਲੱਗ ਸਕੇਗਾ ਜਦੋਂ ਸਾਨੂੰ ਵਿਸ਼ਾਣੂ ਦੀ ਖਾਸ ਕਿਸਮ ਬਾਰੇ ਪਤਾ ਲੱਗ ਸਕੇਗਾ। ਅਸੀਂ ਕਿੰਨ੍ਹੇ ਵਿਅਕਤੀਆਂ ਦਾ ਇਲਾਜ ਕਰ ਸਕਾਂਗੇ, ਇਹ ਇਸ ਗੱਲ ਤੇ ਨਿਰਭਰ ਕਰੇਗਾ ਕਿ ਸਾਡੇ ਕੋਲ ਉਸ ਵੇਲੇ ਦਵਾਈਆਂ ਦੀ ਪੂਰਤੀ ਕਿੰਨ੍ਹੀ ਹੋਵੇਗੀ।

## 10. ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਖਿਲਾਫ ਦਵਾਈ ਕਦੋਂ ਤਿਆਰ ਹੋਵੇਗੀ?

ਇੱਕ ਵਾਰੀ ਵਿਗਿਆਨੀ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਵਾਲੇ ਵਿਸ਼ਾਣੂ ਦਾ ਵਿਸ਼ਲੇਸ਼ਣ ਕਰ ਲੈਣ, ਅਸੀਂ ਇਸ ਤਰ੍ਹਾ ਦੀ ਇੱਕ ਦਵਾਈ ਪੈਦਾ ਕਰ ਸਕਦੇ ਹਾਂ ਜੋ ਓਨਟੇਰੀਓ ਵਾਸੀਆਂ ਦਾ ਇਲਾਜ ਕਰ ਸਕੇ।

ਜਿੰਨ੍ਹਾਂ ਜਲਦੀ ਅਸੀਂ ਫਲੂ ਦੇ ਵਿਸ਼ਾਣੂ ਦੀ ਕਿਸੇ ਖਾਸ ਕਿਸਮ ਬਾਰੇ ਪਤਾ ਲਾਵਾਂਗੇ, ਉਨ੍ਹੀਂ ਹੀ ਜਲਦੀ ਅਸੀਂ ਇਸ ਤਰ੍ਹਾਂ ਦੀ ਦਵਾਈ ਤਿਆਰ ਕਰ ਸਕਾਂਗੇ ਜੋ ਫਲੂ ਦੇ ਫੈਲਣ ਨੂੰ ਰੋਕ ਸਕੇ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਜਿਹਾ ਕਰਨ ਨੂੰ ਵਕਤ ਲੱਗ ਸਕਦਾ ਹੈ ਪਰ ਸਾਡੇ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਇਹੋ ਹੀ ਹੈ ਕਿ ਪਹਿਲੀ ਗੱਲ, ਸਾਨੂੰ ਕਿਸੇ ਵਿਸ਼ਵ-ਵਿਆਪੀ ਮਹਾਂਮਾਰੀ ਲਈ ਤਿਆਰ ਰਹਿਣਾ ਚਾਹੀਦਾ ਹੈ।

*ਹੱਥਾਂ ਦੀ ਚੰਗੀ ਸਫਾਈ* ਫਲੂ ਦੇ ਵਿਸ਼ਾਣੂਆਂ ਨੂੰ ਫੈਲਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।

## 11. ਮੈਂ ਆਪਣਾ ਅਤੇ ਆਪਣੇ ਪਰਿਵਾਰ ਦਾ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਤੋਂ ਕਿਵੇਂ ਬਚਾਅ ਕਰ ਸਕਦਾ ਹਾਂ?

ਜੇ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਓਨਟੇਰੀਓ ਵਿੱਚ ਫੈਲ ਜਾਵੇ, ਆਪਣੇ ਅਤੇ ਆਪਣੇ ਪਰਿਵਾਰ ਨੂੰ ਸਾਧਾਰਣ ਫਲੂ ਤੋਂ ਬਚਾਉਣ ਲਈ ਤੁਸੀਂ ਜੋ ਕੁੱਝ ਕਰਦੇ ਹੋ, ਉਹੋ ਹੀ ਪਰਹੇਜ਼ ਵਰਤ ਕੇ ਤੁਸੀਂ ਆਪਣਾ ਖ਼ਤਰਾ ਘਟਾ ਸਕਦੇ ਹੋ:

- ਆਪਣਾ ਫਲੂ ਦਾ ਟੀਕਾ ਹਰ ਸਾਲ ਲਗਵਾਉ – ਇਹ ਤੁਹਾਨੂੰ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਪੈਦਾ ਕਰਨ ਵਾਲੇ ਵਿਸ਼ਾਣੂ ਤੋਂ ਨਹੀਂ ਬਚਾਅ ਸਕੇਗਾ, ਪਰ ਇਹ ਤੁਹਾਨੂੰ ਫਲੂ ਦੇ ਸਾਧਾਰਣ ਵਿਸ਼ਾਣੂ ਤੋਂ ਜ਼ਰੂਰ ਬਚਾਅ ਸਕੇਗਾ, ਜਿਹੜਾ ਤੁਹਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਜਾਂ ਵਿਸ਼ਵ-ਵਿਆਪੀ ਫਲੂ ਤੋਂ ਬਚਣ ਦੀ ਤੁਹਾਡੀ ਸਮਰੱਥਾ ਨੂੰ ਕਮਜ਼ੋਰ ਕਰ ਸਕਦਾ ਹੈ।
- ਆਪਣੇ ਹੱਥ ਸਾਬਣ ਨਾਲ ਚੰਗੀ ਤਰ੍ਹਾਂ ਅਤੇ ਅਕਸਰ ਧੋਵੋ – ਹੱਥਾਂ ਦੀ ਚੰਗੀ ਸਫਾਈ ਹਰ ਕਿਸਮ ਦੇ ਫਲੂ ਦੇ ਵਿਸ਼ਾਣੂਆਂ ਨੂੰ ਫੈਲਣ ਤੋਂ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਹੈ।
- ਘਰ ਵਿੱਚ, ਕੰਮ ਵਾਲੀ ਥਾਂ ਤੇ, ਅਤੇ ਕਾਰ ਵਿੱਚ, ਇੱਕ ਐਲਕੋਹਲ ਤੇ ਆਧਾਰਿਤ ਸੈਨੀਟਾਈਜ਼ਰ (ਜੈੱਲ ਜਾਂ ਵਾਈਪਸ) ਨੇੜੇ ਤੇੜੇ ਰੱਖੋ।
- ਜਦੋਂ ਵੀ ਖੰਘਦੇ ਹੋ ਜਾਂ ਨਿੱਛ ਮਾਰਦੇ ਹੋ, ਆਪਣਾ ਮੂੰਹ ਅਤੇ ਨੱਕ ਟਿਸ਼ੂ ਨਾਲ ਢਕ ਲਵੋ।
- ਜਦੋਂ ਬਿਮਾਰ ਹੋ ਜਾਵੋਂ, ਘਰ ਰਹੋ।
- ਲੋਕਾਂ ਦੀਆਂ ਵੱਡੀਆਂ ਭੀੜਾਂ ਤੋਂ ਪਰ੍ਹੇ ਰਹੋ ਜਿੱਥੇ ਵਿਸ਼ਾਣੂ ਆਸਾਨੀ ਨਾਲ ਫੈਲ ਸਕਦੇ ਹਨ।
- ਬਿਨਾ ਲੋੜ ਤੋਂ ਸਫਰ ਨਾ ਕਰੋ।
- ਜਨਤਕ ਸਿਹਤ ਦੇ ਅਫਸਰਾਂ ਵੱਲੋਂ ਦਿੱਤੀਆਂ ਗਈਆਂ ਸਭਨਾਂ ਹਿਦਾਇਤਾਂ ਦੀ ਪਾਲਣਾ ਕਰੋ।

## 12. ਸਿਹਤ ਪ੍ਰਣਾਲੀ ਵਿਸ਼ਵ-ਵਿਆਪੀ ਮਹਾਂਮਾਰੀ ਤੋਂ ਸਾਨੂੰ ਬਚਾਉਣ ਲਈ ਕੀ ਕਰ ਰਹੀ ਹੈ?

ਚੀਫ਼ ਮੈਡੀਕਲ ਅਫਸਰ ਆਫ਼ ਹੈਲਥ (Chief Medical Officer of Health) ਅਤੇ ਦ ਮਨਿਸਟਰੀ ਆਫ਼ ਹੈਲਥ ਐਂਡ ਲਾਂਗ-ਟਰਮ ਕੇਅਰ (Ministry of Health and Long-Term Care) ਜਨਤਕ ਸਿਹਤ ਦੀਆਂ ਸਥਾਨਕ ਇਕਾਈਆਂ, ਬੁਨਿਆਦੀ ਦੇਖ-ਰੇਖ ਪ੍ਰਦਾਨ ਕਰਨ ਵਾਲਿਆਂ, ਹਸਪਤਾਲਾਂ, ਲੰਮੇ ਸਮੇਂ ਦੀ ਦੇਖ-ਰੇਖ ਵਾਲੇ ਨਿਵਾਸਾਂ, ਘਰ ਵਿੱਚ ਜਾ ਕੇ ਦੇਖ-ਰੇਖ ਕਰਨ ਵਾਲਿਆਂ – ਜੋ ਸਭ ਸਿਹਤ-ਸੰਭਾਲ ਪ੍ਰਣਾਲੀ ਦਾ ਹਿੱਸਾ ਹਨ – ਨਾਲ ਮਿਲ ਕੇ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਲਈ ਤਿਆਰੀ ਕਰ ਰਹੇ ਹਨ। ਸਾਡਾ ਨਿਸ਼ਾਨਾ ਫਲੂ ਦੀ ਵਿਸ਼ਵ-ਵਿਆਪੀ ਮਹਾਂਮਾਰੀ ਦੇ ਫੈਲਣ ਨੂੰ ਸੀਮਤ ਕਰਨਾ, ਅਤੇ ਓਨਟੇਰੀਓ ਵਾਸੀਆਂ ਨੂੰ ਲੁੜੀਂਦੀ ਸਿਹਤ ਸੇਵਾ ਪ੍ਰਦਾਨ ਕਰਨਾ ਹੈ।

### ਅਸੀਂ ਕੀ ਕਰ ਰਹੇ ਹਾਂ:

- *ਨਿਗਾਹ ਰੱਖ ਰਹੇ ਹਾਂ* ਓਨਟੇਰੀਓ ਵਿੱਚ ਅਤੇ ਬਾਕੀ ਦੀ ਦੁਨੀਆਂ ਵਿੱਚ ਫਲੂ ਤੇ
- *ਭੰਡਾਰ ਜਮ੍ਹਾ ਕਰ ਰਹੇ ਹਾਂ* ਐਂਟੀਵਾਇਰਲ ਦਵਾਈਆਂ ਅਤੇ ਉਪਕਰਣਾਂ ਦਾ
- *ਸਥਾਪਤ ਕਰ ਰਹੇ ਹਾਂ* ਵਿਤਰਣ ਦੀਆਂ ਪ੍ਰਣਾਲੀਆਂ ਤਾਂ ਕਿ ਅਸੀ ਜਿੱਥੇ ਵੀ ਲੋੜ ਹੋਵੇ, ਉੱਥੇ ਹੀ ਦਵਾਈਆਂ ਅਤੇ ਸੁਰੱਖਿਆਤਮਕ ਉਪਕਰਣ ਜਲਦੀ ਪਹੁੰਚਾ ਸਕੀਏ
- *ਐਮਰਜੈਂਸੀ ਯੋਜਨਾਵਾਂ ਵਿਕਸਤ ਕਰ ਰਹੇ ਹਾਂ* ਤਾਂ ਕਿ ਦੇਖ-ਰੇਖ ਕਰਨ ਵਾਲੇ ਸਿਹਤ ਸੇਵਾ ਮਾਹਿਰਾਂ ਅਤੇ ਸਹੂਲਤਾਂ ਦੀ ਵੱਧ ਤੋਂ ਵੱਧ ਗਿਣਤੀ ਪ੍ਰਦਾਨ ਕਰ ਸਕੀਏ
- *ਜਾਣਕਾਰੀ ਤਿਆਰ ਕਰ ਰਹੇ ਹਾਂ* ਜਨਤਾ ਲਈ ਅਤੇ ਸਿਹਤ ਸੇਵਾ ਪ੍ਰਦਾਨ ਕਰਨ ਵਾਲਿਆਂ ਲਈ
- *ਯਕੀਨੀ ਬਣਾ ਰਹੇ ਹਾਂ* ਕਿ ਜਿਉਂ ਹੀ ਕਿਸੇ ਦਵਾਈ ਦੀ ਕਾਢ ਕੱਢੀ ਜਾ ਸਕੇ, ਅਸੀਂ ਚੋਖੀ ਮਿਕਦਾਰ ਵਿੱਚ ਇਸ ਨੂੰ ਫਟਾਫਟ ਤਿਆਰ ਕਰ ਸਕੀਏ

ਅਸੀਂ ਅਜਿਹੀਆਂ ਸੰਚਾਰ ਪ੍ਰਣਾਲਈਆਂ ਬਣਾਈਆਂ ਹਨ ਕਿ ਜੋ ਮੁੱਦੇ ਤੇ ਕੇਂਦ੍ਰਿਤ, ਵਕਤ-ਸਿਰ ਅਤੇ ਦਰੁਸਤ ਹਨ ਤਾਂ ਜੋ ਅਸੀਂ ਓਨਟੇਰੀਓ ਵਾਸੀਆਂ ਨੂੰ ਆਪਣੇ ਅਤੇ ਆਪਣੇ ਪਰਿਵਾਰਾਂ ਦਾ ਬਚਾਅ ਕਰਨ ਸੰਬੰਧੀ ਬਾਕਾਇਦਗੀ ਨਾਲ ਨਵੀਂ ਜਾਣਕਾਰੀ ਦਿੰਦੇ ਰਹੀਏ।

ਜੇ ਤੁਸੀਂ ਵਿਸ਼ਵ-ਵਿਆਪੀ ਮਹਾਂਮਾਰੀਆਂ ਬਾਰੇ ਜਾਂ ਵਿਸ਼ਵ-ਵਿਆਪੀ ਮਹਾਂਮਾਰੀਆਂ ਬਾਰੇ ਓਨਟੇਰੀਓ ਦੀਆਂ ਯੋਜਨਾਵਾਂ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ, ਕਿਰਪਾ ਕਰ ਕੇ www.health.gov.on.ca ਵੈੱਬਸਾਈਟ ਵੇਖੋ।